# ਇਹ ਸਮਝਣਾ ਕਿ ਕੋਵਿਡ -19 ਟੈਸਟ ਦੇ ਪੋਜ਼ੀਟਿਵ ਨਤੀਜੇ ਦਾ ਮਤਲਬ ਕੀ ਹੈ

# (Understanding what a positive COVID-19 test result means)

ਕੋਵਿਡ-19 ਟੈਸਟ ਇਹ ਪਤਾ ਲਗਾਉਂਦਾ ਹੈ ਕਿ ਕੀ ਵਾਇਰਸ ਤੁਹਾਡੇ ਨੱਕ ਜਾਂ ਮੂੰਹ ਵਿੱਚ ਹੈ।

ਮਹੱਤਵਪੂਰਨ ਗੱਲ ਇਹ ਹੈ ਕਿ ਤੁਸੀਂ ਇਹ ਸਮਝ ਲਓ ਕਿ ਜੇਕਰ ਤੁਹਾਡਾ ਕੋਵਿਡ -19 ਟੈਸਟ ਪੋਜ਼ੀਟਿਵ ਆਉਂਦਾ ਹੈ ਤਾਂ ਉਸਦਾ ਕੀ ਮਤਲਬ ਹੈ।

ਕਾਨੂੰਨ ਅਨੁਸਾਰ, ਤੁਹਾਨੂੰ ਟੈਸਟ ਤੋਂ ਬਾਅਦ ਘੱਟੋ ਘੱਟ 10 ਦਿਨਾਂ ਲਈ ਸਵੈ-ਇਕਾਂਤਵਾਸ ਵਿੱਚ ਰਹਿਣਾ ਚਾਹੀਦਾ ਹੈ, ਭਾਵੇਂ ਤੁਹਾਡੇ ਵਿੱਚ ਕੋਈ ਲੱਛਣ ਨਹੀਂ ਹਨ।

ਜੇ ਤੁਹਾਡੇ ਵਿੱਚ ਕੋਈ ਲੱਛਣ ਹਨ, ਤਾਂ ਲੱਛਣਾਂ ਦੇ ਆਉਣ ਤੋਂ ਬਾਅਦ 10 ਦਿਨਾਂ ਦੇ ਲਈ ਤੁਹਾਨੂੰ ਸਵੈ-ਇਕਾਂਤਵਾਸ ਵਿੱਚ ਰਹਿਣਾ ਚਾਹੀਦਾ ਹੈ।

ਕੋਈ ਵੀ ਵਿਅਕਤੀ ਜੋ ਤੁਹਾਡੇ ਨਾਲ ਨੇੜਲੇ ਸੰਪਰਕ ਵਿੱਚ ਰਿਹਾ ਹੈ, ਲਾਜ਼ਮੀ ਤੌਰ 'ਤੇ, ਕਾਨੂੰਨ ਦੇ ਅਨੁਸਾਰ, ਉਸਨੂੰ ਘੱਟੋ ਘੱਟ 14 ਦਿਨਾਂ ਲਈ ਆਪਣੇ ਆਪ ਨੂੰ ਸਵੈ-ਇਕਾਂਤਵਾਸ ਵਿੱਚ ਰੱਖਣਾ ਚਾਹੀਦਾ ਹੈ ਅਤੇ ਆਪਣੇ ਲੱਛਣਾਂ ਉੱਤੇ ਨਜ਼ਰ ਰੱਖਣੀ ਚਾਹੀਦੀ ਹੈ।

ਅਜਿਹਾ ਬਹੁਤ ਘੱਟ ਹੀ ਹੁੰਦਾ ਹੈ ਕਿ ਕੋਵਿਡ-19 ਟੈਸਟ ਦੇ ਨਤੀਜੇ ਗਲਤੀ ਨਾਲ ਪੋਜ਼ੀਟਿਵ ਆਉਣ। ਇਸਦਾ ਮਤਲਬ ਹੈ ਕਿ ਤੁਹਾਡੇ ਵਿੱਚ ਵਾਇਰਸ ਨਹੀਂ ਹੈ ਅਤੇ ਇਹ ਤੁਹਾਡੇ ਤੋਂ ਕਿਸੇ ਹੋਰ ਵਿਅਕਤੀ ਵਿੱਚ ਨਹੀਂ ਜਾ ਸਕਦਾ। ਇਹ ਦੱਸਣ ਦਾ ਕੋਈ ਵੀ ਤਰੀਕਾ ਨਹੀਂ ਹੈ ਕਿ ਕੋਈ ਗਲਤ ਪੋਜ਼ੀਟਿਵ ਨਤੀਜਾ ਗਲਤ ਹੈ।

ਸਵੈ-ਮੁਲਾਂਕਣ ਕਰਕੇ ਅਤੇ ਟੈਸਟ ਦੀ ਮੰਗ ਕਰਦਿਆਂ, ਮੈਂ ਉਪਰੋਕਤ ਜਾਣਕਾਰੀ ਨੂੰ ਸਮਝਦਾ/ਸਮਝਦੀ ਹਾਂ ਅਤੇ ਉਸਨੂੰ ਸਵੀਕਾਰ ਕਰਦਾ/ਕਰਦੀ ਹਾਂ।